DPV Health®

Your Healthcare
Your Way

ਪੰਜਾਬੀ

# DPV Health ਵਿੱਚ ਤੁਹਾਡਾ ਸੁਆਗਤ ਹੈ



**ਮਾਨਤਾ ਬਿਆਨ:** DPV Health ਉਹਨਾਂ ਜ਼ਮੀਨਾਂ ਦੇ ਪਰੰਪਰਾਗਤ ਸਰਪ੍ਰਸਤਾਂ ਨੂੰ ਸਵੀਕਾਰ ਕਰਦਾ ਹੈ ਜਿਨ੍ਹਾਂ 'ਤੇ ਸਾਡੀਆਂ ਸੁਵਿਧਾਵਾਂ ਅਤੇ ਸੇਵਾਵਾਂ ਸਥਿਤ ਹਨ। ਅਸੀਂ ਅਤੀਤ ਅਤੇ ਵਰਤਮਾਨ ਦੇ ਬਜ਼ੁਰਗਾਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ ਅਤੇ ਸਾਰੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਆਪਣਾ ਸਤਿਕਾਰ ਦਿੰਦੇ ਹਾਂ। ਅਸੀਂ ਚੋਰੀ ਹੋਈਆਂ ਪੀੜ੍ਹੀਆਂ ਦੇ ਸਦਮੇ ਅਤੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ 'ਤੇ ਬਸਤੀਵਾਦ ਦੇ ਪ੍ਰਭਾਵਾਂ ਨੂੰ ਸਵੀਕਾਰ ਕਰਦੇ ਹਾਂ। ਅਸੀਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਭਾਈਚਾਰਿਆਂ ਦੇ ਲਚਕੀਲੇਪਣ, ਤਾਕਤ ਅਤੇ ਮਾਣ ਨੂੰ ਵੀ ਪਛਾਣਦੇ ਹਾਂ।

**ਵਿਭਿੰਨਤਾ ਬਿਆਨ:** DPV Health ਇੱਕ ਸ਼ਮੂਲੀਅਤ ਭਰੀ ਸੰਸਥਾ ਹੈ ਜੋ ਸਾਡੇ ਭਾਈਚਾਰਿਆਂ ਵਿਚਲੇ ਸਾਰੇ ਲੋਕਾਂ ਦੀ ਵੰਨ-ਸੁਵੰਨਤਾ ਦਾ ਜਸ਼ਨ ਮਨਾਉਂਦੀ ਹੈ। ਅਸੀਂ ਲੋਕਾਂ ਨੂੰ ਖੁਸ਼ਹਾਲ, ਸਿਹਤਮੰਦ ਜੀਵਨ ਜਿਉਣ ਦੇ ਯੋਗ ਬਣਾਉਣ ਲਈ ਉਤਸ਼ਾਹਜਨਕ ਹਾਂ। ਅਸੀਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ, ਅਪਾਹਜਤਾ, ਲੈਸਬੀਅਨ, ਗੇਅ, ਦੋਲਿੰਗੀ, ਟ੍ਰਾਂਸਜੈਂਡਰ, ਇੰਟਰਸੈਕਸ ਅਤੇ ਕਵੀਰ/ਪ੍ਰਸ਼ਨਵਾਚਕ (LGBTIQ) ਅਤੇ ਨਵੇਂ ਆਏ ਭਾਈਚਾਰਿਆਂ ਨਾਲ ਕੰਮ ਕਰਨ ਲਈ ਸਮਰਪਿਤ ਹਾਂ।

**ਬਾਲ ਸੁਰੱਖਿਆ ਬਿਆਨ:** DPV Health ਬੱਚਿਆਂ ਲਈ ਇੱਕ ਸੁਰੱਖਿਅਤ ਥਾਂ ਹੈ। ਅਸੀਂ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਵਚਨਬੱਧ ਹਾਂ। ਇਹ ਬੋਰਡ, ਸਾਡਾ ਸਟਾਫ਼ ਅਤੇ ਸਾਡੇ ਵਲੰਟੀਅਰ ਹਰ ਸਥਿਤੀ ਵਿੱਚ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦੇਣਗੇ, ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਬੱਚੇ ਸੁਰੱਖਿਅਤ, ਖੁਸ਼ ਅਤੇ ਸ਼ਕਤੀ ਸਪੰਨ ਹੋਣ। ਅਸੀਂ ਐਬੋਰਿਜ਼ਨਲ ਬੱਚਿਆਂ, ਸੱਭਿਆਚਾਰਕ ਅਤੇ/ਜਾਂ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਬੱਚਿਆਂ ਦੀ ਸੱਭਿਆਚਾਰਕ ਸੁਰੱਖਿਆ ਲਈ, ਅਤੇ ਅਪਾਹਜ ਬੱਚਿਆਂ ਲਈ ਇੱਕ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹਾਂ।



# ਸਾਡੇ CEO ਵੱਲੋਂ ਸੁਨੇਹਾ


## DPV Health ਵਿੱਚ ਤੁਹਾਡਾ ਸੁਆਗਤ ਹੈ।

ਤੁਹਾਡੀ ਸਿਹਤ ਅਤੇ ਤੰਦਰੁਸਤੀ ਹਰ ਵਿਅਕਤੀ ਲਈ, ਹਰ ਵਾਰ, **ਸ਼ਾਨਦਾਰ ਦੇਖਭਾਲ** ਦੀ ਯੋਜਨਾ ਬਣਾਉਣ, ਪ੍ਰਦਾਨ ਕਰਨ ਅਤੇ ਅਨੁਭਵ ਕਰਨ ਦੇ ਸਾਡੇ ਟੀਚੇ ਦੇ ਕੇਂਦਰ ਵਿੱਚ ਹੈ।

DPV Health ਵਿਖੇ, ਅਸੀਂ ਆਪਣੇ ਸਾਰੇ ਗਾਹਕਾਂ ਲਈ ਇੱਕ ਸੁਆਗਤੀ, ਸ਼ਮੂਲੀਅਤ ਵਾਲੇ, ਅਤੇ ਬੇਮਿਸਾਲ ਸੇਵਾ ਅਨੁਭਵ ਰਾਹੀਂ ਉੱਚ-ਗੁਣਵੱਤਾ, ਵਿਅਕਤੀ-ਕੇਂਦਰਿਤ ਦੇਖਭਾਲ ਪ੍ਰਦਾਨ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ।

ਵਿਸ਼ਾਲ ਗਿਣਤੀ ਦੀਆਂ ਸਿਹਤ-ਸੰਭਾਲ ਸੇਵਾਵਾਂ ਅਤੇ ਪ੍ਰੋਗਰਾਮਾਂ ਦੀ ਲਚਕਦਾਰ ਡਿਲੀਵਰੀ ਤੁਹਾਨੂੰ ਤੁਹਾਡੀਆਂ ਵਿਅਕਤੀਗਤ ਜ਼ਰੂਰਤਾਂ ਮੁਤਾਬਿਕ ਢੁੱਕਵੀਆਂ ਚੋਣਾਂ ਅਤੇ ਨਿਯੰਤਰਣ ਦੀ ਪੇਸ਼ਕਸ਼ ਕਰਦੀ ਹੈ। ਤੁਹਾਡੀ ਸਿਹਤ ਸੰਭਾਲ ਦੀ ਯਾਤਰਾ ਸਾਡੀ ਉੱਚ ਸਿਖਲਾਈ ਪ੍ਰਾਪਤ ਅਤੇ ਤਜਰਬੇਕਾਰ ਟੀਮ ਦੁਆਰਾ ਸਮਰਥਤ ਹੈ, ਜੋ ਕਿ ਦੋਸਤਾਨਾ, ਪੇਸ਼ੇਵਰ ਅਤੇ ਸਬੂਤ-ਆਧਾਰਿਤ ਦੇਖਭਾਲ ਕਰਨ ਲਈ ਵਚਨਬੱਧ ਹੈ।

ਅਸੀਂ ਉਮੀਦ ਕਰਦੇ ਹਾਂ ਕਿ DPV Heatlh 'ਤੇ ਤੁਹਾਡਾ ਅਨੁਭਵ ਤੁਹਾਡੀਆਂ ਉਮੀਦਾਂ ਤੋਂ ਵੱਧ ਵਧੀਆ ਹੋਵੇਗਾ।



**ਡੌਨ ਟਿਡਬਰੀ**
CEO, DPV Health



# ਹਮੇਸ਼ਾ ਪਹੁੰਚ ਵਿੱਚ

**ਅਸੀਂ ਮੈਲਬੌਰਨ ਦੇ ਉੱਤਰੀ ਹਿੱਸੇ ਦੇ ਪ੍ਰਫੁਲਿਤ ਹੋ ਰਹੇ ਭਾਈਚਾਰਿਆਂ ਦੀ ਸਹਾਇਤਾ ਕਰਦੇ ਹਾਂ। ਸਾਡੇ ਸੁਵਿਧਾ-ਸਥਾਨ ਤੁਹਾਨੂੰ ਤੁਹਾਡੀਆਂ ਜ਼ਰੂਰਤਾਂ ਅਤੇ ਯੋਗਤਾਵਾਂ ਮੁਤਾਬਿਕ ਢੁੱਕਵੀਆਂ ਸਹਾਇਤਾ ਅਤੇ ਸੇਵਾਵਾਂ ਤੱਕ ਆਸਾਨ ਪਹੁੰਚ ਪ੍ਰਦਾਨ ਕਰਨ ਲਈ ਤਿਆਰ ਕੀਤੇ ਗਏ ਹਨ।**

ਸਾਰੇ DPV Health ਸੁਵਿਧਾ-ਸਥਾਨਾਂ 'ਤੇ ਮੁਫ਼ਤ ਆਨਸਾਈਟ ਪਾਰਕਿੰਗ ਉਪਲਬਧ ਹੈ ਅਤੇ ਜਨਤਕ ਆਵਾਜਾਈ ਦੁਆਰਾ ਪਹੁੰਚਯੋਗ ਹਨ।




**dpvhealth.org.au/contact-us/locations/**
'ਤੇ ਸਾਡੇ ਸੁਵਿਧਾ-ਸਥਾਨ ਅਤੇ ਪਤੇ ਦੇਖੋ।

DPV Health®

ਵਿਕਟੋਰੀਆ ਦੀਆਂ ਸਭ ਤੋਂ ਵੱਡੀਆਂ ਖੁਦਮੁਖਤਿਆਰ ਗ਼ੈਰ-ਲਾਭਕਾਰੀ ਕਮਿਊਨਿਟੀ ਸਿਹਤ ਸੰਸਥਾਵਾਂ ਵਿੱਚੋਂ ਇੱਕ ਹੋਣ ਦੇ ਨਾਤੇ, DPV Health ਸਭ ਤੋਂ ਵੱਧ ਲੋੜ ਵਾਲੇ ਲੋਕਾਂ 'ਤੇ ਧਿਆਨ- ਕੇਂਦਰਿਤ ਕਰਦੇ ਹੋਏ, ਵਿਸ਼ਾਲ ਗਿਣਤੀ ਵਿੱਚ ਸਿਹਤ ਅਤੇ ਤੰਦਰੁਸਤੀ ਸੇਵਾਵਾਂ ਪ੍ਰਦਾਨ ਕਰਦੀ ਹੈ।

## ਸਾਡਾ ਉਦੇਸ਼

ਸ਼ਮੂਲੀਅਤ ਭਰੀਆਂ, ਸਥਾਨਕ ਸਿਹਤ ਅਤੇ ਤੰਦਰੁਸਤੀ ਸੇਵਾਵਾਂ ਮੁਹੱਈਆ ਕਰਨ ਦੁਆਰਾ, ਤੁਹਾਨੂੰ ਇੱਕ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜਿਉਣ ਵਿੱਚ ਸਹਾਇਤਾ ਕਰਨਾ।



# ਆਪਣੀ ਅਪੌਇੰਟਮੈਂਟ ਬੁੱਕ ਕਰੋ

## 1300 234 263

ਤੁਹਾਡੀਆਂ ਸਾਰੀਆਂ ਸਿਹਤ ਸੰਭਾਲ ਲੋੜਾਂ ਲਈ ਇੱਕ ਨੰਬਰ

**ਮੈਡੀਕਲ ਸੇਵਾਵਾਂ**
ਲਈ 1 ਦਬਾਓ

**ਦੰਦਾਂ ਦੀਆਂ ਸੇਵਾਵਾਂ**
ਲਈ 2 ਦਬਾਓ

**NDIS ਸੇਵਾਵਾਂ**
ਲਈ 3 ਦਬਾਓ

**ਹੋਰ ਸਾਰੀਆਂ ਸਿਹਤ ਸੰਭਾਲ ਸੇਵਾਵਾਂ** ਲਈ 4 ਦਬਾਓ

**ਪ੍ਰਸ਼ਾਸਨਿਕ ਅਤੇ ਭਾਈਵਾਲੀ ਕਰਨ ਸੰਬੰਧੀ ਪੁੱਛਗਿੱਛ**
ਲਈ 5 ਦਬਾਓ

# ਤੁਹਾਡੇ ਲਈ ਢੁੱਕਵੀਆਂ ਅਪੌਇੰਟਮੈਂਟਾਂ

**ਵਿਅਕਤੀਗਤ ਰੂਪ ਵਿੱਚ ਹਾਜ਼ਰ ਹੋ ਕੇ ਕੀਤੀ ਜਾਣ ਵਾਲੀ ਅਪੌਇੰਟਮੈਂਟ**

**ਫ਼ੋਨ ਜਾਂ ਵੀਡੀਓ ਰਾਹੀਂ ਟੈਲੀਹੈਲਥ ਸੇਵਾ**

**DPV Health Telehealth** ਸੇਵਾ ਸੁਰੱਖਿਅਤ ਅਤੇ ਸੁਵਿਧਾਜਨਕ ਹੈ ਅਤੇ ਤੁਸੀਂ ਕਿਤੋਂ ਵੀ ਆਪਣੀ ਅਪੌਇੰਟਮੈਂਟ ਵਿੱਚ ਹਾਜ਼ਰ ਹੋ ਸਕਦੇ ਹੋ। ਆਪਣੀ ਅਪੌਇੰਟਮੈਂਟ ਦੇ ਸਮੇਂ 'ਤੇ ਆਪਣੇ ਡਾਕਟਰ, ਸਹਾਇਕ ਸਿਹਤ ਪੇਸ਼ੇਵਰ ਜਾਂ ਨਰਸ ਨਾਲ ਸਿੱਧੇ ਤੌਰ 'ਤੇ ਜੁੜਨ ਲਈ ਆਪਣੇ ਫ਼ੋਨ, ਟੈਬਲੇਟ ਜਾਂ ਕੰਪਿਊਟਰ ਦੀ ਵਰਤੋਂ ਕਰੋ। ਜਦੋਂ ਤੁਸੀਂ ਅਪੌਇੰਟਮੈਂਟ ਬੁੱਕ ਕਰਦੇ ਹੋ ਤਾਂ ਤੁਸੀਂ ਸਾਡੀ ਟੀਮ ਨਾਲ ਟੈਲੀਹੈਲਥ ਵਿਕਲਪ ਬਾਰੇ ਚਰਚਾ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ, **dpvhealth.org.au/telehealth** 'ਤੇ ਜਾਓ।

DPV Health
ਤੁਹਾਡੀ ਸਿਹਤ ਸੰਭਾਲ, ਤੁਹਾਡਾ ਤਰੀਕਾ



# DPV Health **ਮੁਫ਼ਤ ਦੁਭਾਸ਼ੀਆ ਸੇਵਾਵਾਂ** ਦੀ ਪੇਸ਼ਕਸ਼ ਕਰਦਾ ਹੈ।

ਤੁਸੀਂ ਅਰਬੀ, ਤੁਰਕੀ, ਇਤਾਲਵੀ, ਮੈਸੇਡੋਨੀਅਨ, ਪੰਜਾਬੀ, ਹਿੰਦੀ ਅਤੇ ਚੀਨੀ ਸਮੇਤ 180 ਤੋਂ ਵੱਧ ਵੱਖ-ਵੱਖ ਭਾਸ਼ਾਵਾਂ ਵਿੱਚ ਦੁਭਾਸ਼ੀਏ ਤੱਕ ਪਹੁੰਚ ਕਰ ਸਕਦੇ ਹੋ। ਅਸੀਂ ਔਸਲਨ ਦੁਭਾਸ਼ੀਏ ਤੱਕ ਪਹੁੰਚ ਵੀ ਪ੍ਰਦਾਨ ਕਰਦੇ ਹਾਂ।

ਤੁਸੀਂ ਦੁਭਾਸ਼ੀਆ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ:

### ਆਨਸਾਈਟ (ਸਥਾਨ 'ਤੇ ਹਾਜ਼ਰ ਹੋ ਕੇ)

ਸਾਰੇ DPV Health ਸੁਵਿਧਾ-ਸਥਾਨਾਂ 'ਤੇ ਅਪੋਇੰਟਮੈਂਟ ਵਿੱਚ ਵਿਅਕਤੀਗਤ ਰੂਪ ਵਿੱਚ ਹਾਜ਼ਰ ਹੋਣ ਲਈ

### ਟੈਲੀਫ਼ੋਨ ਜਾਂ ਵੀਡੀਓ ਰਾਹੀਂ

ਟੈਲੀਹੈਲਥ ਅਪੋਇੰਟਮੈਂਟਾਂ ਲਈ

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਅਪੋਇੰਟਮੈਂਟ ਬੁੱਕ ਕਰਨ ਦੇ ਸਮੇਂ ਸਾਡੀ ਟੀਮ ਨੂੰ ਦੱਸੋ।

---

## ਫ਼ੀਸ ਨੀਤੀ

ਸਾਡੀਆਂ ਕੁੱਝ ਸੇਵਾਵਾਂ 'ਤੇ ਫ਼ੀਸਾਂ ਲਾਗੂ ਹੁੰਦੀਆਂ ਹਨ ਅਤੇ ਫੰਡਿੰਗ ਮਾਪਦੰਡਾਂ ਦੇ ਅਨੁਸਾਰ ਵੱਖ-ਵੱਖ ਹੋ ਸਕਦੀਆਂ ਹਨ। ਇੱਕ ਗ਼ੈਰ-ਮੁਨਾਫ਼ਾਕਾਰੀ ਕਮਿਊਨਿਟੀ ਹੈਲਥਕੇਅਰ ਸੰਸਥਾ ਵਜੋਂ, ਸਾਰੀਆਂ ਫ਼ੀਸਾਂ ਉਹਨਾਂ ਸਰੋਤਾਂ ਅਤੇ ਪ੍ਰੋਗਰਾਮਾਂ ਵਿੱਚ ਯੋਗਦਾਨ ਪਾਉਂਦੀਆਂ ਹਨ ਜੋ ਭਾਈਚਾਰੇ ਲਈ ਸੇਵਾਵਾਂ ਵਿੱਚ ਸੁਧਾਰ ਅਤੇ ਵਿਸਤਾਰ ਕਰਦੇ ਹਨ।

ਤੁਹਾਡੇ ਦੁਆਰਾ ਅਦਾ ਕੀਤੀ ਜਾਣ ਵਾਲੀ ਫ਼ੀਸ ਤੁਹਾਡੀ ਘਰੇਲੂ ਆਮਦਨ ਅਤੇ ਨਿੱਜੀ ਹਾਲਾਤਾਂ 'ਤੇ ਨਿਰਭਰ ਕਰੇਗੀ, ਅਤੇ ਇਸ ਗੱਲ 'ਤੇ ਜੇਕਰ ਤੁਹਾਡੇ ਕੋਲ ਹੈਲਥਕੇਅਰ ਕਾਰਡ ਹੈ। ਤੁਹਾਨੂੰ ਕੁੱਝ ਸੇਵਾਵਾਂ ਪ੍ਰਾਪਤ ਕਰਨ ਲਈ ਇੱਕ ਛੋਟਾ ਜਿਹਾ ਸਹਿ-ਭੁਗਤਾਨ ਕਰਨ ਦੀ ਲੋੜ ਵੀ ਹੋ ਸਕਦੀ ਹੈ। ਸਾਡੀਆਂ ਕੁੱਝ ਅਪਾਹਜਤਾ ਅਤੇ ਕਮਿਊਨਿਟੀ ਅਧਾਰਿਤ ਸੇਵਾਵਾਂ ਵਿੱਚ ਵਧੀਕ ਆਪਣੀ ਜੇਬ ਤੋਂ ਦਿੱਤੀਆਂ ਜਾਣ ਵਾਲੀਆਂ ਫ਼ੀਸਾਂ ਵੀ ਹੋ ਸਕਦੀਆਂ ਹਨ। ਜਦੋਂ ਤੁਸੀਂ ਅਪੋਇੰਟਮੈਂਟ ਬੁੱਕ ਕਰਦੇ ਹੋ ਤਾਂ ਅਸੀਂ ਤੁਹਾਡੇ ਨਾਲ ਲੱਗਣ ਵਾਲੀ ਕਿਸੇ ਵੀ ਫ਼ੀਸ ਬਾਰੇ ਗੱਲ ਕਰਾਂਗੇ।

ਸਾਡੀਆਂ ਫ਼ੀਸਾਂ **dpvhealth.org.au** 'ਤੇ ਦੇਖੋ ਜਾਂ **1300 234 263 'ਤੇ ਫ਼ੋਨ ਕਰੋ।**

# ਤੁਹਾਡੀ ਸਿਹਤ ਅਤੇ ਤੰਦਰੁਸਤੀ ਦਾ ਸਮਰਥਨ ਕਰਨ ਲਈ ਸੇਵਾਵਾਂ

DPV Health ਵਿਖੇ, ਤੁਹਾਡੀ ਸਿਹਤ ਯਾਤਰਾ ਨੂੰ ਕਲੀਨਿਕਲ, ਸਹਾਇਤਾ, ਅਤੇ ਕਮਿਊਨਿਟੀ ਸੇਵਾਵਾਂ ਪ੍ਰਦਾਨ ਕਰਨ ਵਾਲੀ ਇੱਕ ਪੇਸ਼ੇਵਰ ਟੀਮ ਦੁਆਰਾ ਸਮਰਥਨ ਕੀਤਾ ਜਾਂਦਾ ਹੈ। ਇਹ ਸੇਵਾਵਾਂ ਬਿਮਾਰੀ ਅਤੇ ਸੱਟ ਦੇ ਇਲਾਜ ਅਤੇ ਰੋਕਥਾਮ, ਚੰਗੀ ਸਿਹਤ ਨੂੰ ਉਤਸ਼ਾਹਿਤ ਕਰਨ ਅਤੇ ਪੁਰਾਣੀ ਚਿਰ-ਸਥਾਈ ਬਿਮਾਰੀ ਦੇ ਪ੍ਰਬੰਧਨ ਵਿੱਚ ਸਹਾਇਤਾ ਕਰਨ 'ਤੇ ਕੇਂਦ੍ਰਿਤ ਹਨ।

ਮੈਡੀਕਲ ਸੇਵਾਵਾਂ

ਦੰਦ ਸੇਵਾਵਾਂ

ਮਾਨਸਿਕ ਸਿਹਤ

ਸਰੀਰਕ ਸਿਹਤ

NDIS ਅਤੇ ਅਪਾਹਜਤਾ

65+ ਸਿਹਤ

ਬੱਚੇ ਅਤੇ ਨੌਜਵਾਨ

ਭਾਈਚਾਰਕ ਸਹਾਇਤਾ



# ਤੁਹਾਡੀਆਂ ਮੈਡੀਕਲ ਸੇਵਾਵਾਂ
## ਪਰਿਵਾਰਕ-ਅਨੁਕੂਲ ਦੇਖਭਾਲ

ਤੁਸੀਂ Broadmeadows ਅਤੇ Mill Park ਵਿੱਚ ਸਾਡੇ ਆਧੁਨਿਕ, ਉਪਕਰਨਾਂ ਨਾਲ ਲੈਸ ਮੈਡੀਕਲ ਸੈਂਟਰਾਂ ਵਿੱਚ ਉੱਚ-ਗੁਣਵੱਤਾ ਭਰਪੂਰ, ਸਾਰੇ ਤਰ੍ਹਾਂ ਦੀ, ਅਤੇ ਪਰਿਵਾਰ-ਅਨੁਕੂਲ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ। ਇੱਕ ਸਥਾਨ ਤੋਂ, ਤੁਸੀਂ ਕਈ ਸੇਵਾਵਾਂ ਨਾਲ ਜੁੜ ਸਕਦੇ ਹੋ ਜਿਵੇਂ ਕਿ: ਡਾਕਟਰ ਲਈ ਅਪੋਇੰਟਮੈਂਟ, ਸਿਹਤ ਜਾਂਚ, ਪਰਿਵਾਰ ਨਿਯੋਜਨ, ਔਰਤਾਂ ਦੀ ਸਿਹਤ, ਪੁਰਾਣੀ ਚਿਰ-ਸਥਾਈ ਬਿਮਾਰੀ ਦਾ ਪ੍ਰਬੰਧਨ, ਮਾਨਸਿਕ ਸਿਹਤ ਦੇਖਭਾਲ ਯੋਜਨਾ, ਸਾਹ ਸੰਬੰਧੀ ਸਮੱਸਿਆ ਵਾਲੇ ਕਲੀਨਿਕਾਂ ਅਤੇ ਚਮੜੀ ਦੇ ਕਲੀਨਿਕਾਂ ਵਰਗੀਆਂ ਮਾਹਰ ਸੇਵਾਵਾਂ, ਅਤੇ ਟੀਕਾਕਰਨ ਸੇਵਾਵਾਂ ਨਾਲ।

- ਔਨਲਾਈਨ ਬੁੱਕ ਕਰੋ
- ਬਲਕ ਬਿਲਿੰਗ ਉਪਲਬਧ ਹੈ
- ਟੈਲੀਹੈਲਥ ਵੀਡੀਓ ਅਤੇ ਫ਼ੋਨ ਅਪੋਇੰਟਮੈਂਟਾਂ
- ਮਰਦ ਅਤੇ ਔਰਤ ਡਾਕਟਰਾਂ ਨੂੰ ਦਿਖਾਉਣ ਦੀ ਚੋਣ

dpvhealth.org.au/all-services/medical-services/ 'ਤੇ ਹੋਰ ਜਾਣੋ।

ਅਪੋਇੰਟਮੈਂਟ ਬੁੱਕ ਕਰਨ ਲਈ 1300 234 263 'ਤੇ ਫ਼ੋਨ ਕਰੋ ਅਤੇ **ਵਿਕਲਪ 1** ਨੂੰ ਚੁਣੋ।

---

# ਤੁਹਾਡੀਆਂ ਦੰਦਾਂ ਦੀਆਂ ਸੇਵਾਵਾਂ
## ਕਮਿਊਨਿਟੀ, ਪ੍ਰਾਈਵੇਟ ਅਤੇ ਐਮਰਜੈਂਸੀ ਦੰਦਾਂ ਦੀਆਂ ਸੇਵਾਵਾਂ

ਸਾਡੀ ਮਾਹਰ ਦੰਦਾਂ ਦੀ ਟੀਮ ਤੁਹਾਡੇ ਦੰਦਾਂ ਨੂੰ ਸਿਹਤਮੰਦ ਰੱਖਣ ਅਤੇ ਪੂਰੇ ਪਰਿਵਾਰ ਲਈ ਉੱਚ-ਗੁਣਵੱਤਾ ਵਾਲੇ ਇਲਾਜ ਨਾਲ ਮੂੰਹ ਦੀ ਸਿਹਤ ਦੀਆਂ ਸਮੱਸਿਆਵਾਂ ਨੂੰ ਰੋਕਣ ਲਈ ਸਮਰਪਿਤ ਹੈ। ਅਤਿ-ਆਧੁਨਿਕ ਟੈਕਨਾਲੋਜੀ ਅਤੇ ਸਾਜ਼ੋ-ਸਾਮਾਨ ਦੀ ਵਰਤੋਂ ਕਰਦੇ ਹੋਏ, ਅਸੀਂ ਬਾਲਗਾਂ ਅਤੇ ਬੱਚਿਆਂ ਲਈ ਜਨਤਕ ਦੰਦਾਂ ਦੀ ਸੇਵਾ, ਕਿਫਾਇਤੀ ਪ੍ਰਾਈਵੇਟ ਦੰਦਾਂ ਦੀਆਂ ਸੇਵਾਵਾਂ, ਅਤੇ ਐਮਰਜੈਂਸੀ ਦੰਦਾਂ ਦੀ ਸੇਵਾ ਦੀ ਪੇਸ਼ਕਸ਼ ਕਰਦੇ ਹਾਂ।

ਤੁਹਾਡੇ ਬੱਚਿਆਂ ਨੂੰ ਉਹਨਾਂ ਦੇ ਸਥਾਨਕ ਸਕੂਲ ਜਾਂ ਕਿੰਡਰਗਾਰਟਨ ਰਾਹੀਂ ਸਾਡੇ ਸਕੂਲ ਡੈਂਟਲ ਪ੍ਰੋਗਰਾਮ, ਸਮਾਈਲ ਸਕੁਐਡ ਡੈਂਟਲ ਪ੍ਰੋਗਰਾਮ ਅਤੇ ਅਰਲੀ ਚਾਈਲਡਹੁੱਡ ਓਰਲ ਹੈਲਥ ਪ੍ਰੋਗਰਾਮ ਤੱਕ ਪਹੁੰਚ ਹੋ ਸਕਦੀ ਹੈ।

dpvhealth.org.au/all-services/dental-services/ 'ਤੇ ਹੋਰ ਜਾਣੋ।

ਅਪੋਇੰਟਮੈਂਟ ਬੁੱਕ ਕਰਨ ਲਈ 1300 234 263 'ਤੇ ਫ਼ੋਨ ਕਰੋ ਅਤੇ **ਵਿਕਲਪ 2** ਨੂੰ ਚੁਣੋ।

# ਤੁਹਾਡੀ ਮਾਨਸਿਕ ਸਿਹਤ
## ਗੁਪਤ ਅਤੇ ਹਮਦਰਦੀ ਭਰੀ ਸਹਾਇਤਾ

ਤਣਾਅ, ਉਦਾਸੀ, ਚਿੰਤਾ, ਸਦੀਵੀ ਵਿਛੋੜਾ ਅਤੇ ਸੋਗ, ਪਰਿਵਾਰਕ ਜਾਂ ਘਰੇਲੂ ਹਿੰਸਾ, ਰਿਸ਼ਤੇ, ਸਦਮੇ, ਅਤੇ ਹੋਰ ਬਹੁਤ ਕੁਝ ਲਈ ਸਹਾਇਤਾ ਪ੍ਰਾਪਤ ਕਰੋ। ਸਾਡੀ ਸ਼ੋਸ਼ਲ ਵਰਕਰਾਂ, ਮਨੋਵਿਗਿਆਨੀਆਂ, ਕਿੱਤਾਮੁਖੀ ਥੈਰੇਪਿਸਟਾਂ, ਆਪ ਅਨੁਭਵ ਕਰਨ ਵਾਲੇ ਤਜਰਬੇਕਾਰ ਵਰਕਰਾਂ, ਡਾਕਟਰਾਂ ਅਤੇ ਮਾਨਸਿਕ ਸਿਹਤ ਨਰਸਾਂ ਦੀ ਕੁਸ਼ਲ ਟੀਮ ਮੱਦਦ ਲਈ ਇੱਥੇ ਮੌਜੂਦ ਹੈ।

ਸੇਵਾਵਾਂ ਵਿੱਚ ਸ਼ਾਮਲ ਹਨ:

- **ਥੈਰੇਪੀ** — ਤੁਹਾਡੀ ਮਾਨਸਿਕ ਸਿਹਤ ਨੂੰ ਠੇਸ ਪਹੁੰਚਾਉਣ ਵਾਲੇ ਜੀਵਨ ਦੇ ਸੰਘਰਸ਼ਾਂ ਨਾਲ ਨਜਿੱਠਣ ਵਿੱਚ ਤੁਹਾਡੀ ਮੱਦਦ ਕਰਨਾ, ਤੀਬਰਤਾ ਨਾਲ ਜਾਂ ਲੰਬੇ ਸਮੇਂ ਲਈ ਪ੍ਰਦਾਨ ਕੀਤਾ ਜਾਂਦਾ ਹੈ
- **ਦੇਖਭਾਲ ਤਾਲਮੇਲ** — ਤੁਹਾਡੀਆਂ ਜ਼ਰੂਰਤਾਂ ਦੇ ਮੁਤਾਬਿਕ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮੱਦਦ ਕਰਦੀ ਹੈ। ਥੋੜ੍ਹੇ ਸਮੇਂ ਦੇ ਆਧਾਰ 'ਤੇ ਉਪਲਬਧ **ਹੈ।**
- **ਗਰੁੱਪ** — ਪ੍ਰੇਸ਼ਾਨੀ, ਭਾਵਨਾਵਾਂ, ਨਿੱਜੀ ਸੰਬੰਧਾਂ ਨੂੰ ਸੰਭਾਲਣ, ਤੁਹਾਡੀ ਸੋਚ ਅਤੇ ਵਿਵਹਾਰ ਨੂੰ ਬਦਲਣ ਵਿੱਚ ਤੁਹਾਡੇ ਹੁਨਰ ਨੂੰ ਬਿਹਤਰ ਬਣਾਉਣ ਵਿੱਚ ਤੁਹਾਡੀ ਮੱਦਦ ਕਰਦੇ ਹਨ
- **ਮਨੋਵਿਗਿਆਨੀ** — ਸਾਡਾ ਪ੍ਰਾਈਵੇਟ ਮਨੋਵਿਗਿਆਨੀ ਲੋਕਾਂ ਨੂੰ ਸੀਮਤ ਆਧਾਰ 'ਤੇ ਦੇਖਦਾ ਹੈ। ਡਾਕਟਰ ਤੋਂ ਇੱਕ ਰੈਫ਼ਰਲ ਪੱਤਰ ਦੀ ਲੋੜ ਹੁੰਦੀ ਹੈ।

DPV Health ਮੈਲਬੌਰਨ ਦੇ ਉੱਤਰ ਵਿੱਚ ਇੱਕ **ਹੈੱਡ ਟੂ ਹੈਲਥ** ਹੱਬ ਹੈ।

ਅਸੀਂ ਉਹਨਾਂ ਲੋਕਾਂ ਲਈ ਕਈ ਕਿਸਮ ਦੀਆਂ ਸਹਾਇਤਾ ਅਤੇ ਰਿਕਵਰੀ ਸੇਵਾਵਾਂ ਅਤੇ ਪ੍ਰੋਗਰਾਮਾਂ ਪ੍ਰਦਾਨ ਕਰਦੇ ਹਾਂ ਜੋ ਪਰਿਵਾਰਕ ਹਿੰਸਾ ਦੀ ਵਰਤੋਂ ਕਰਦੇ ਹਨ, ਅਤੇ ਉਹਨਾਂ ਲਈ ਜੋ ਪਰਿਵਾਰਕ ਹਿੰਸਾ ਤੋਂ ਪ੍ਰਭਾਵਿਤ ਹੁੰਦੇ ਹਨ।

ਸੇਵਾਵਾਂ ਵਿੱਚ ਸ਼ਾਮਲ ਹਨ:

- **ਪੁਰਸ਼ਾਂ ਦੇ ਵਿਵਹਾਰ ਵਿੱਚ ਪਰਿਵਰਤਨ ਲਿਆਉਣ ਦਾ ਪ੍ਰੋਗਰਾਮ** — ਇੱਕ 20-ਹਫ਼ਤੇ ਦਾ ਸਹਾਇਕ ਗਰੁੱਪ ਪ੍ਰੋਗਰਾਮ ਜੋ ਤੁਹਾਨੂੰ ਇਕੱਲੇਪਣ ਦੀਆਂ ਭਾਵਨਾਵਾਂ, ਪਰਿਵਾਰਕ ਹਿੰਸਾ ਦੇ ਕਾਰਨਾਂ ਅਤੇ ਪ੍ਰਭਾਵਾਂ ਨੂੰ ਸਮਝਣ ਵਿੱਚ ਮੱਦਦ ਕਰਦਾ ਹੈ ਅਤੇ ਤੁਹਾਡੇ ਵਿਵਹਾਰ ਵਿੱਚ ਬਦਲਾਅ ਲਿਆਉਂਦਾ ਹੈ ਤਾਂ ਜੋ ਤੁਸੀਂ ਆਪਣੇ ਸਾਥੀ/ਸਾਬਕਾ ਸਾਥੀ ਅਤੇ ਬੱਚਿਆਂ ਨਾਲ ਬਿਹਤਰ ਰਿਸ਼ਤੇ ਬਣਾ ਸਕੋ।
- **ਪੁਰਸ਼ਾਂ ਦੀ ਕੇਸ ਪ੍ਰਬੰਧਨ ਸੇਵਾ** - ਵਿਹਾਰਕ ਅਤੇ ਭਾਵਨਾਤਮਕ ਸਹਾਇਤਾ ਪ੍ਰਦਾਨ ਕਰਦੀ ਹੈ। ਯੋਜਨਾਬੰਦੀ ਅਤੇ ਹੋਰ ਸੇਵਾਵਾਂ ਲਈ ਰੈਫ਼ਰਲ ਲੈਣ ਵਿੱਚ ਸਹਾਇਤਾ ਕਰਦੀ ਹੈ।
- **ਪਰਿਵਾਰਕ ਸਹਾਇਤਾ ਕਰਮਚਾਰੀ** — ਔਰਤਾਂ ਅਤੇ ਬੱਚਿਆਂ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ ਜੋ ਉਨ੍ਹਾਂ ਮਰਦਾਂ ਦੇ ਵਿਵਹਾਰ ਤੋਂ ਪ੍ਰਭਾਵਿਤ ਹੋਏ ਹਨ ਜੋ ਸਾਡੇ ਪੁਰਸ਼ਾਂ ਦੇ ਵਿਵਹਾਰ ਵਿੱਚ ਪਰਿਵਰਤਨ ਲਿਆਉਣ ਵਾਲੇ ਪ੍ਰੋਗਰਾਮ (Mens' Behaviour Change Program) ਵਿੱਚ ਸ਼ਾਮਲ ਹੋਏ ਹਨ। ਇਨ੍ਹਾਂ ਸੇਵਾਵਾਂ ਵਿੱਚ ਵਿੱਦਿਅਕ ਅਤੇ ਇਲਾਜ ਸੰਬੰਧੀ ਕਾਉਂਸਲਿੰਗ, ਸਹਾਇਤਾ, ਸਲਾਹ ਅਤੇ ਹੋਰ ਸੇਵਾਵਾਂ ਲਈ ਰੈਫ਼ਰਲ ਸ਼ਾਮਲ ਹੁੰਦੇ ਹਨ।
- **The Orange Door** — ਵਿਅਕਤੀਗਤ ਤੌਰ 'ਤੇ ਜਾਂ ਫ਼ੋਨ 'ਤੇ ਪਰਿਵਾਰਕ ਹਿੰਸਾ ਅਤੇ ਪਰਿਵਾਰਕ ਸੇਵਾਵਾਂ ਤੱਕ ਪਹੁੰਚ ਦੀ ਪੇਸ਼ਕਸ਼ ਕਰਦਾ ਹੈ। ਇਸ ਲਈ ਕਿਸੇ ਰੈਫ਼ਰਲ ਦੀ ਲੋੜ ਨਹੀਂ ਹੈ। ਉੱਚ ਸਿਖਲਾਈ ਪ੍ਰਾਪਤ ਸਟਾਫ਼ ਪਰਿਵਾਰਕ ਹਿੰਸਾ ਪ੍ਰਤੀ ਜਵਾਬੀ ਕਾਰਵਾਈ ਕਰਦਾ ਹੈ ਅਤੇ ਪਰਿਵਾਰ ਦੀ ਤੰਦਰੁਸਤੀ ਵਿੱਚ ਸਹਾਇਤਾ ਕਰਦਾ ਹੈ। DPV Health Orange Door ਸੁਵਿਧਾ-ਸਥਾਨਾਂ ਵਿੱਚ ਪੁਰਸ਼ਾਂ ਦਾ ਮਾਹਰ ਹੈ।

**dpvhealth.org.au/all-services/mental-health/** 'ਤੇ ਹੋਰ ਜਾਣੋ।
ਅਪੋਇੰਟਮੈਂਟ ਬੁੱਕ ਕਰਨ ਲਈ **1300 234 263** 'ਤੇ ਫ਼ੋਨ ਕਰੋ ਅਤੇ **ਵਿਕਲਪ 4** ਨੂੰ ਚੁਣੋ।

# ਤੁਹਾਡੀ ਸਰੀਰਕ ਸਿਹਤ
## ਇੱਕ ਸਿਹਤਮੰਦ ਅਤੇ ਸਰਗਰਮ ਜੀਵਨ ਸ਼ੈਲੀ ਦਾ ਸਮਰਥਨ ਕਰਨਾ

ਤੁਹਾਡੀਆਂ ਪਹਿਲਾਂ ਤੋਂ ਮੌਜੂਦ ਸਿਹਤ ਸਮੱਸਿਆਵਾਂ ਜਾਂ ਸਿਹਤਮੰਦ ਜੀਵਨ ਬਰਕਰਾਰ ਰੱਖਣ ਦੇ ਯਤਨਾਂ ਦਾ ਸਮਰਥਨ ਕਰਨ ਲਈ, ਸਾਡੇ ਸਿੱਖਿਅਤ ਸਿਹਤ ਪੇਸ਼ੇਵਰ ਕਈ ਸਥਿਤੀਆਂ ਅਤੇ ਬਿਮਾਰੀਆਂ ਲਈ ਤੁਹਾਡਾ ਮੁਲਾਂਕਣ, ਸਿੱਖਿਆ ਅਤੇ ਇਲਾਜ ਕਰ ਸਕਦੇ ਹਨ।

ਸੇਵਾਵਾਂ ਵਿੱਚ ਸ਼ਾਮਲ ਹਨ:

- **ਆਡੀਓਲੋਜੀ** — ਸੁਣਨ ਅਤੇ ਸੰਤੁਲਨ ਸੰਬੰਧੀ ਵਿਕਾਰ ਦਾ ਮੁਲਾਂਕਣ, ਇਲਾਜ ਅਤੇ ਰੋਕਥਾਮ ਕਰਦੀ ਹੈ
- **ਕਸਰਤ ਸਰੀਰਕ-ਵਿਗਿਆਨ** — ਸੱਟ ਲਈ ਥੈਰੇਪੀ ਅਤੇ ਮੁੜ ਸਿਹਤਯਾਬੀ ਨੂੰ ਉਤਸ਼ਾਹਿਤ ਕਰਦੀ ਹੈ, ਕਸਰਤ ਅਤੇ ਸਿੱਖਿਆ ਦੁਆਰਾ ਪੁਰਾਣੀ ਚਿਰ-ਸਦੀਵੀ ਬਿਮਾਰੀ ਜਾਂ ਅਪਾਹਜਤਾ ਦੀ ਰੋਕਥਾਮ ਅਤੇ ਨਜਿੱਠਣ ਨੂੰ ਉਤਸ਼ਾਹਿਤ ਕਰਦੀ ਹੈ
- **ਪੋਸ਼ਣ ਅਤੇ ਆਹਾਰ ਵਿਗਿਆਨ** — ਖ਼ਾਸ ਸਿਹਤ ਸਥਿਤੀਆਂ ਅਤੇ ਤੰਦਰੁਸਤੀ ਦੇ ਪ੍ਰਬੰਧਨ ਵਿੱਚ ਮੱਦਦ ਲਈ ਪੋਸ਼ਣ ਸੰਬੰਧੀ ਜਾਣਕਾਰੀ, ਮੁਲਾਂਕਣ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ
- **ਆਕੂਪੇਸ਼ਨਲ ਥੈਰੇਪੀ** — ਰੋਜ਼ਾਮਰ੍ਹਾ ਦੀਆਂ ਗਤੀਵਿਧੀਆਂ ਵਿੱਚ ਤੁਹਾਡੀ ਆਤਮ-ਨਿਰਭਰਤਾ ਨੂੰ ਬਣਾਈ ਰੱਖਣ ਜਾਂ ਮੁੜ ਪ੍ਰਾਪਤ ਕਰਨ ਵਿੱਚ ਤੁਹਾਡੀ ਮੱਦਦ ਕਰਨਾ ਜਿਵੇਂ ਕਿ ਨਹਾਉਣਾ ਅਤੇ ਕੱਪੜੇ ਪਾਉਣਾ, ਕੁਰਸੀਆਂ/ਬਿਸਤਰੇ 'ਤੇ ਉੱਠਣਾ-ਬੈਠਣਾ, ਖਾਣਾ ਬਣਾਉਣਾ, ਅਤੇ ਤੁਹਾਡੇ ਆਲੇ-ਦੁਆਲੇ ਘਰ ਅਤੇ ਸਮਾਜ ਵਿੱਚ ਸੁਰੱਖਿਅਤ ਢੰਗ ਨਾਲ ਘੁੰਮਣਾ-ਫਿਰਨਾ।
- **ਫਿਜ਼ੀਓਥੈਰੇਪੀ** — ਤੁਹਾਡੀ ਤੁਰਨ-ਫਿਰਨ, ਸੰਤੁਲਨ, ਦਰਦ, ਕਾਰਜ-ਸਮਰੱਥਾ ਅਤੇ ਮੁੜ ਵਸੇਬੇ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਥਿਤੀਆਂ ਅਤੇ ਸੱਟਾਂ ਦਾ ਪਤਾ ਲਗਾਉਣਾ ਅਤੇ ਪ੍ਰਬੰਧਨ ਕਰਨਾ
- **ਪੋਡੀਆਟਰੀ** — ਪੈਰਾਂ ਅਤੇ ਹੇਠਲੀਆਂ ਲੱਤਾਂ ਦੀਆਂ ਸਮੱਸਿਆਵਾਂ ਨੂੰ ਰੋਕਣਾ, ਮੁਲਾਂਕਣ ਕਰਨਾ ਅਤੇ ਇਲਾਜ ਕਰਨਾ
- **ਸਪੀਚ ਪੈਥੋਲੋਜੀ** — ਗੱਲਬਾਤ ਅਸਮਰੱਥਤਾਵਾਂ ਦਾ ਮੁਲਾਂਕਣ ਕਰਨਾ, ਇਲਾਜ ਕਰਨਾ, ਅਤੇ ਪ੍ਰਬੰਧਨ ਕਰਨਾ, ਅਤੇ ਸਹਾਇਤਾ ਦੇਣਾ ਜੇਕਰ ਤੁਹਾਨੂੰ ਨਿਗਲਣ ਵਿੱਚ ਸਮੱਸਿਆ ਹੈ

**dpvhealth.org.au/all-services/physical-health/** 'ਤੇ ਹੋਰ ਜਾਣੋ।
ਅਪੋਇੰਟਮੈਂਟ ਬੁੱਕ ਕਰਨ ਲਈ **1300 234 263** 'ਤੇ ਫ਼ੋਨ ਕਰੋ ਅਤੇ **ਵਿਕਲਪ 4** ਨੂੰ ਚੁਣੋ।





# ਬੱਚੇ ਅਤੇ ਨੌਜਵਾਨ
## ਪਰਿਵਾਰ-ਕੇਂਦਰਿਤ ਪਹੁੰਚ

ਭਾਵੇਂ ਤੁਸੀਂ ਮਾਪੇ, ਦੇਖਭਾਲ ਕਰਨ ਵਾਲੇ ਜਾਂ ਸਿੱਖਿਅਕ ਹੋ, ਅਸੀਂ ਹਰ ਬੱਚੇ ਦੀ ਨਿੱਜੀ ਸਥਿਤੀ ਅਤੇ ਲੋੜਾਂ ਦੇ ਆਧਾਰ 'ਤੇ ਅਨੁਕੂਲਿਤ, ਸਥਾਨਕ ਤੌਰ 'ਤੇ ਢੁੱਕਵੇਂ ਵਿੱਦਿਅਕ ਸਰੋਤ ਪ੍ਰਦਾਨ ਕਰਦੇ ਹਾਂ। ਤੁਹਾਡੇ ਪਰਿਵਾਰ ਨੂੰ ਕਈ ਕਿਸਮ ਦੀਆਂ ਬੱਚਿਆਂ ਦੀਆਂ ਮਾਹਰ ਸੇਵਾਵਾਂ, ਸ਼ੁਰੂਆਤੀ ਬਚਪਨ ਵਿੱਚ ਦਖਲਅੰਦਾਜ਼ੀ, ਅਤੇ ਮਨੋਵਿਗਿਆਨ ਅਤੇ ਸਲਾਹ ਸੇਵਾਵਾਂ ਨਾਲ ਸਮਰਥਨ ਦਿੱਤਾ ਜਾਂਦਾ ਹੈ।

ਤੁਹਾਡੇ ਬੱਚੇ ਦੀ ਸਿਹਤ, ਤੰਦਰੁਸਤੀ ਅਤੇ ਅਕਾਦਮਿਕ ਸ਼ਮੂਲੀਅਤ ਸਾਡੇ ECIS, ਸਕੂਲ ਲਈ ਤਿਆਰ ਹੋਣ ਅਤੇ ਦੰਦਾਂ ਅਤੇ ਸਪੀਚ ਥੈਰੇਪੀ ਸੇਵਾਵਾਂ ਵਰਗੇ ਆਊਟਰੀਚ ਪ੍ਰੋਗਰਾਮਾਂ ਦਾ ਧੁਰਾ ਹੈ।

dpvhealth.org.au/all-services/child-youth-services/ 'ਤੇ ਹੋਰ ਜਾਣੋ।

ਅਪੋਇੰਟਮੈਂਟ ਬੁੱਕ ਕਰਨ ਲਈ **1300 234 263** 'ਤੇ ਫ਼ੋਨ ਕਰੋ ਅਤੇ **ਵਿਕਲਪ 4** ਨੂੰ ਚੁਣੋ।

---

# ਤੁਹਾਡੀ 65+ ਸਿਹਤ
## ਤੰਦਰੁਸਤੀ ਸਹਿਤ ਉਮਰ ਦਰਜ ਰਹਿਣ ਨਾਲ ਆਤਮ-ਨਿਰਭਰ ਰਹੋ

ਜੇਕਰ ਤੁਹਾਡੀ ਉਮਰ 65 ਸਾਲ ਤੋਂ ਵੱਧ ਹੈ, ਤਾਂ ਸਾਡੇ ਸਮਾਜਿਕ ਸਹਾਇਤਾ ਪ੍ਰੋਗਰਾਮ ਤੁਹਾਨੂੰ ਭਾਈਚਾਰੇ ਵਿੱਚ ਆਤਮ-ਨਿਰਭਰ ਅਤੇ ਜੁੜੇ ਰਹਿਣ ਵਿੱਚ ਤੁਹਾਡੀ ਮੱਦਦ ਕਰਦੇ ਹਨ। ਪੁਰਾਣੀਆਂ ਚਿਰ-ਸਥਾਈ ਬਿਮਾਰੀਆਂ ਦੇ ਸ਼ੁਰੂਆਤੀ ਨਿਦਾਨ ਅਤੇ ਪ੍ਰਬੰਧਨ ਦੁਆਰਾ ਸਹਾਇਤਾ ਤੋਂ ਲੈ ਕੇ, ਮਾਨਸਿਕ ਸਿਹਤ ਅਤੇ ਤੁਹਾਡੀ ਆਤਮ-ਨਿਰਭਰਤਾ ਨੂੰ ਕਾਇਮ ਰੱਖਣ ਤੱਕ — ਤੁਸੀਂ ਡਾਕਟਰੀ ਅਤੇ ਆਮ ਸਿਹਤ ਸੇਵਾਵਾਂ, ਡਿੱਗਣ ਤੋਂ ਰੋਕਥਾਮ ਅਤੇ ਹੈਂਡ ਥੈਰੇਪੀ ਪ੍ਰੋਗਰਾਮਾਂ, ਵ੍ਹੀਲਚੇਅਰ ਅਤੇ ਗੁੰਝਲਦਾਰ ਸੀਟਿੰਗ ਕਲੀਨਿਕ, ਅਤੇ ਦਰਦ ਨਾਲ ਚੰਗੀ ਤਰ੍ਹਾਂ ਜਿਉਣ ਸੰਬੰਧੀ ਪ੍ਰੋਗਰਾਮ ਲਈ ਪਹੁੰਚ ਕਰ ਸਕਦੇ ਹੋ।

dpvhealth.org.au/all-services/65-health/ 'ਤੇ ਹੋਰ ਜਾਣੋ।

ਅਪੋਇੰਟਮੈਂਟ ਬੁੱਕ ਕਰਨ ਲਈ **1300 234 263** 'ਤੇ ਫ਼ੋਨ ਕਰੋ ਅਤੇ **ਵਿਕਲਪ 4** ਨੂੰ ਚੁਣੋ।





# ਤੁਹਾਡੀਆਂ ਅਪਾਹਜਤਾ ਸੇਵਾਵਾਂ
## ਉੱਚ ਗੁਣਵੱਤਾ, ਵਿਅਕਤੀ-ਕੇਂਦਰਿਤ ਦੇਖਭਾਲ

ਤੁਸੀਂ ਸਾਡੇ NDIS ਅਪਾਹਜਤਾ ਪ੍ਰੋਗਰਾਮਾਂ ਤੱਕ ਪਹੁੰਚ ਕਰ ਸਕਦੇ ਹੋ, ਜਿਸ ਵਿੱਚ ਸਹਾਇਤਾ ਤਾਲਮੇਲ ਅਤੇ ਸ਼ੁਰੂਆਤੀ ਬਚਪਨ ਦੇ ਮੁਲਾਂਕਣ ਅਤੇ ਦਖ਼ਲ ਸੇਵਾਵਾਂ ਸ਼ਾਮਲ ਹਨ। ਸਾਡੀ NDIS ਸੇਵਾ ਆਨਸਾਈਟ ਅਤੇ ਕਮਿਊਨਿਟੀ ਵਿੱਚ ਗਰੁੱਪ ਸਹਾਇਤਾ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀ ਹੈ, ਜੋ ਘਰ ਵਿੱਚ, ਵਿੱਦਿਅਕ ਅਤੇ ਰੁਜ਼ਗਾਰ ਸੈਟਿੰਗਾਂ, ਸਮਾਜਿਕ ਘੇਰਿਆਂ ਅਤੇ ਵਿਆਪਕ ਭਾਈਚਾਰੇ ਵਿੱਚ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਹਨ।

ਜੇਕਰ ਤੁਸੀਂ ਕਿਸੇ ਅਪਾਹਜਤਾ ਨਾਲ ਜੀਵਨ ਬਤੀਤ ਕਰ ਰਹੇ ਹੋ, ਤਾਂ ਤੁਹਾਡੇ ਕੋਲ "ਡੇਅ-ਟੂ-ਡੇਅ" ਸਮਾਜਿਕ ਸਹਾਇਤਾ ਪ੍ਰੋਗਰਾਮਾਂ ਅਤੇ ਦੋ 24/7 ਰਿਹਾਇਸ਼ੀ ਸਹਿਯੋਗੀ ਲਿਵਿੰਗ ਸੈਂਟਰਾਂ ਤੱਕ ਵੀ ਪਹੁੰਚ ਹੋਵੇਗੀ।

dpvhealth.org.au/all-services/ndis-disability/ 'ਤੇ ਹੋਰ ਜਾਣੋ।

ਅਪੋਇੰਟਮੈਂਟ ਬੁੱਕ ਕਰਨ ਲਈ **1300 234 263** 'ਤੇ ਫ਼ੋਨ ਕਰੋ ਅਤੇ **ਵਿਕਲਪ 3** ਨੂੰ ਚੁਣੋ।

---

# ਤੁਹਾਡੀ ਭਾਈਚਾਰਕ ਸਹਾਇਤਾ
## ਸੇਵਾਵਾਂ ਤੱਕ ਬਰਾਬਰ ਪਹੁੰਚ

'ਸਿਹਤ ਬਰਾਬਰਤਾ' ਦਾ ਮਤਲਬ ਹੈ ਕਿ ਹਰੇਕ ਵਿਅਕਤੀ ਕੋਲ ਸਿਹਤ ਅਤੇ ਤੰਦਰੁਸਤੀ ਸੇਵਾਵਾਂ ਤੱਕ ਪਹੁੰਚ ਕਰਨ ਦੇ ਇੱਕੋ ਜਿਹੇ ਮੌਕੇ ਹਨ। ਸਾਡੇ ਭਾਈਚਾਰਕ ਸਹਾਇਤਾ ਪ੍ਰੋਗਰਾਮ ਹਰ ਕਿਸੇ ਲਈ ਸੁਆਗਤ ਯੋਗ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਥਾਂਵਾਂ ਬਣਾਉਂਦੇ ਹਨ।

ਢੁੱਕਵੇਂ ਪ੍ਰੋਗਰਾਮਾਂ ਵਿੱਚ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ, ਸ਼ਰਨਾਰਥੀਆਂ ਅਤੇ ਪਨਾਹ ਮੰਗਣ ਵਾਲਿਆਂ, LGBTIQ+ ਲੋਕਾਂ, ਔਰਤਾਂ ਅਤੇ ਪਰਿਵਾਰਕ ਹਿੰਸਾ ਦੇ ਪੀੜਤਾਂ, ਅਤੇ ਉਹਨਾਂ ਲੋਕਾਂ ਲਈ ਸੇਵਾਵਾਂ ਸ਼ਾਮਲ ਹਨ ਜੋ — ਬੇਘਰ ਹਨ ਜਾਂ ਬੇਘਰ ਹੋਣ ਦੇ ਜ਼ੋਖਮ ਵਿੱਚ ਹਨ।

dpvhealth.org.au/all-services/community-support/ 'ਤੇ ਹੋਰ ਜਾਣੋ।

ਅਪੋਇੰਟਮੈਂਟ ਬੁੱਕ ਕਰਨ ਲਈ **1300 234 263** 'ਤੇ ਫ਼ੋਨ ਕਰੋ ਅਤੇ **ਵਿਕਲਪ 4** ਨੂੰ ਚੁਣੋ।



# ਆਪਣੇ ਭਾਈਚਾਰੇ ਦੀ ਸਿਹਤ ਦਾ ਸਮਰਥਨ ਕਰਨ ਲਈ ਸ਼ਾਮਲ ਹੋਵੋ



DPV Health ਭਾਈਚਾਰੇ ਦੀ ਰਾਏ ਨੂੰ ਸੁਣਨ, ਸ਼ਕਤੀਕਰਨ ਅਤੇ ਸ਼ਾਮਲ ਕਰਨ ਲਈ ਵਚਨਬੱਧ ਹੈ।



ਤੁਹਾਡੀ ਫੀਡਬੈਕ ਸੇਵਾ ਯੋਜਨਾ, ਡਿਜ਼ਾਈਨ, ਡਿਲੀਵਰੀ, ਮੁਲਾਂਕਣ ਅਤੇ ਸੰਚਾਲਨ ਦੇ ਦੌਰਾਨ ਤੁਹਾਡੇ ਭਾਈਚਾਰੇ ਲਈ ਢੁੱਕਵੀਆਂ ਅਤੇ ਸਹੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਾਡੀ ਮੱਦਦ ਕਰਦੀ ਹੈ। ਇਸ ਫੀਡਬੈਕ ਵਿੱਚ ਉਹਨਾਂ ਲੋਕਾਂ ਦੀਆਂ ਮਾਹਰ ਆਵਾਜ਼ਾਂ ਸ਼ਾਮਲ ਹਨ ਜਿਨ੍ਹਾਂ ਨੇ ਇਹ ਆਪ ਅਨੁਭਵ ਕੀਤਾ ਹੈ ਜਾਂ ਕਰ ਰਹੇ ਹਨ।



ਤੁਸੀਂ DPV Health ਨਾਲ ਇੱਕ ਖਪਤਕਾਰ ਪ੍ਰਤੀਨਿਧੀ, ਕਮਿਊਨਿਟੀ ਕਨੈਕਟਰ, ਵਾਲੰਟੀਅਰ, ਮੈਂਬਰ ਜਾਂ ਵਿਦਿਆਰਥੀ ਪਲੇਸਮੈਂਟ ਵਜੋਂ ਸ਼ਾਮਲ ਹੋ ਸਕਦੇ ਹੋ। ਅਸੀਂ ਹਰ ਕਿਸੇ ਦੀ ਰਾਏ ਦਾ ਸੁਆਗਤ ਕਰਦੇ ਹਾਂ ਅਤੇ ਵੱਖ-ਵੱਖ ਭਾਈਚਾਰਿਆਂ ਦੇ ਗਾਹਕਾਂ ਅਤੇ ਕਮਿਊਨਿਟੀ ਮੈਂਬਰਾਂ ਨੂੰ ਸੱਦਾ ਦਿੰਦੇ ਹਾਂ — ਜਿਸ ਵਿੱਚ ਸੱਭਿਆਚਾਰਕ ਤੌਰ 'ਤੇ ਵਿਭਿੰਨ ਭਾਈਚਾਰਿਆਂ, LGBTIQ ਭਾਈਚਾਰਿਆਂ, ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਭਾਈਚਾਰਿਆਂ ਦੇ ਲੋਕ ਅਤੇ ਅਪੰਗਤਾ ਵਾਲੇ ਲੋਕ ਸ਼ਾਮਲ ਹਨ।



ਪਤਾ ਕਰੋ ਕਿ ਤੁਸੀਂ **dpvhealth.org.au/community-engagement-program/** 'ਤੇ ਕਿਵੇਂ ਸ਼ਾਮਲ ਹੋ ਸਕਦੇ ਹੋ।

# ਅਸੀਂ ਤੁਹਾਡੀ ਰਾਏ ਦੀ ਕਦਰ ਕਰਦੇ ਹਾਂ



## ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਸ਼ਲਾਘਾ ਕਰੋ, ਸ਼ਿਕਾਇਤ ਕਰੋ, ਜਾਂ ਸਾਨੂੰ ਕੋਈ ਸੁਝਾਅ ਦਿਓ। ਅਸੀਂ ਤੁਹਾਨੂੰ ਬਿਹਤਰ ਸੇਵਾ ਦੇਣ ਅਤੇ ਸਾਡੀਆਂ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਤੁਹਾਡੇ ਤੋਂ ਸੁਣਨਾ ਚਾਹੁੰਦੇ ਹਾਂ।

## ਫੀਡਬੈਕ ਕਿਵੇਂ ਪ੍ਰਦਾਨ ਕਰਨੀ ਹੈ

**ਵੈੱਬਸਾਈਟ**
**dpvhealth.org.au** 'ਤੇ ਫੀਡਬੈਕ ਪੰਨੇ 'ਤੇ ਜਾਓ

**ਵਿਅਕਤੀਗਤ ਤੌਰ 'ਤੇ**
DPV Health ਕਰਮਚਾਰੀ ਨਾਲ ਸਿੱਧੀ ਗੱਲ ਕਰੋ

**ਫੀਡਬੈਕ ਫਾਰਮ**
ਇੱਕ ਫਾਰਮ ਭਰੋ ਅਤੇ ਇਸਨੂੰ DPV Health ਸਾਈਟ 'ਤੇ ਸੁਰੱਖਿਅਤ ਫੀਡਬੈਕ ਬਾਕਸ ਵਿੱਚ ਪਾਓ

**ਸਕੈਨ ਕਰੋ**
ਸਾਡੇ ਔਨਲਾਈਨ ਫੀਡਬੈਕ ਪੋਰਟਲ ਰਾਹੀਂ ਫੀਡਬੈਕ ਪ੍ਰਦਾਨ ਕਰਨ ਲਈ QR ਕੋਡ ਨੂੰ ਸਕੈਨ ਕਰੋ

1300 234 263 | dpvhealth.org.au | info@dpvhealth.org.au



DPV Health®

Your Healthcare
Your Way

DPV Health ਵਰਜਨ 1 ਬਾਰੇ, 29/11/2022 ਨੂੰ ਅੱਪਡੇਟ ਕੀਤਾ ਗਿਆ